Roll No. ..................

Total No. of Questions : 32]

**041**

[Total No. of Printed Pages : 8

**SS**

**2067**

ਸਲਾਨਾ ਪਰੀਖਿਆ ਪ੍ਰਨਾਲੀ

**PHILOSOPHY (Theory)**

**(Punjabi, Hindi and English Versions)**

**(Evening Session)**

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **041** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ-ਪੱਤਰ ਚਾਰ ਭਾਗਾਂ (ੳ, ਅ, ੲ ਅਤੇ ਸ) ਵਿੱਚ ਵੰਡਿਆ ਗਿਆ ਹੈ । ਪ੍ਰਸ਼ਨ ਨੰਬਰ **1** ਤੋਂ **10** ਹਰੇਕ ਇੱਕ-ਇੱਕ ਅੰਕ ਵਾਲੇ ਹਨ ਅਤੇ ਇਹਨ੍ਹਾਂ ਦਾ ਉੱਤਰ ਇੱਕ ਲਾਈਨ ਵਿੱਚ ਦਿਓ, ਪ੍ਰਸ਼ਨ ਨੰ. **11** ਤੋਂ **20** ਹਰੇਕ ਦੋ-ਦੋ ਅੰਕਾਂ ਵਾਲੇ ਹਨ ਅਤੇ ਇਹਨ੍ਹਾਂ ਦਾ ਉੱਤਰ *20-30* ਸ਼ਬਦਾਂ ਵਿੱਚ ਦਿਓ । ਪ੍ਰਸ਼ਨ ਨੰ. **21** ਤੋਂ **26** ਹਰੇਕ ਚਾਰ-ਚਾਰ ਅੰਕਾਂ ਵਾਲੇ ਹਨ ਅਤੇ ਇਹਨ੍ਹਾਂ ਦਾ ਉੱਤਰ 40-50 ਸ਼ਬਦਾਂ ਵਿੱਚ ਦਿਓ ਅਤੇ ਇਹਨ੍ਹਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ । ਪ੍ਰਸ਼ਨ ਨੰ. **27** ਤੋਂ **32** ਦਸ-ਦਸ ਅੰਕਾਂ ਵਾਲੇ ਹਨ, ਇਹਨ੍ਹਾਂ ਦੇ ਉੱਤਰ *100-150* ਸ਼ਬਦਾਂ ਵਿੱਚ ਦਿਓ ਅਤੇ ਇਹਨ੍ਹਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਦਿੱਤੀ ਗਈ ਹੈ ।

ਭਾਗ-ੳ (ਅੰਕ 10)

ਨੋਟ : ਦੱਸੋ ਕਿ ਹੇਠ ਲਿਖੇ ਕਥਨ ਸਹੀ ਹਨ ਜਾਂ ਗਲਤ :

1. ਵਿਗਿਆਨਕ ਵਿਧੀ ਦੇ ਸਿੱਟੇ ਅੰਤਿਮ ਹੁੰਦੇ ਹਨ ।
2. ਪ੍ਰਮਾਣ ਤੋ ਬਾਅਦ ਇੱਕ ਉਪਕਲਪਨਾਂ ਨਿਯਮ ਬਣ ਜਾਂਦੀ ਹੈ ।
3. ਇੱਕ ਉਪਕਲਪਨਾਂ ਅਤੇ ਵਿਆਖਿਆ ਵਿੱਚ ਕੋਈ ਸੰਬੰਧ ਨਹੀਂ ਹੈ ।
4. ਇੱਕ ਤਰਕਵਾਕ ਅਤੇ ਵਾਕ ਵਿੱਚ ਕੋਈ ਅੰਤਰ ਨਹੀਂ ਹੈ ।
5. ਇੱਕ ਤਰਕਵਾਕ ਵਿੱਚ ਤਿੰਨ ਪਦ ਹੁੰਦੇ ਹਨ ।
6. ਸੱਚਾਈ ਦਾ ਆਤਮ-ਸੰਗਤ ਸਿਧਾਂਤ, ਅਕਾਰਗਤ ਸੱਚਾਈ ਸਥਾਪਤ ਕਰਦਾ ਹੈ ।
7. ਦੇਕਾਰਤੇ ਇੰਦਰੀ ਅਨੁਭਵ ਨੂੰ ਗਿਆਨ ਦਾ ਸੋਮਾਂ ਮੰਨਦਾ ਹੈ ।
8. ਵਿਚਾਰਵਾਦ ਦਾ ਕਹਿਣਾ ਹੈ ਕਿ ਮਨ ਪਦਾਰਥ ਨਾਲੋਂ ਉੱਚ ਹੈਂ ।

9. ਭੌਤਿਕਵਾਦ ਈਸ਼ਵਰ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਕਰਦਾ।

10. ਭਾਰਤੀ ਦਰਸ਼ਨ ਦਾ ਸਰੂਪ ਭੌਤਿਕਵਾਦੀ ਹੈ। 1×10=10

ਭਾਗ–ਅ (ਅੰਕ 20)

11. ਵਿਗਿਆਨਕ ਵਿਧੀ ਦੇ ਕੋਈ ਦੋ ਲਾਭ ਦੱਸੋ।

12. ਉਪਕਲਪਨਾਂ ਦੀ ਪਰਿਭਾਸ਼ਾ ਦੱਸੋ।

13. ਤਰਕਵਾਕ ਦੇ ਤਿੰਨ ਭਾਗਾਂ ਦਾ ਵਰਨਣ ਕਰੋ।

14. ਇਕ ਤੱਥ ਦੀ ਦੂਜੇ ਤੱਥ ਦੁਆਰਾ ਕਿਵੇਂ ਵਿਆਖਿਆ ਕੀਤੀ ਜਾ ਸਕਦੀ ਹੈ ?

15. ਇੱਕ ਸਧਾਰਣ ਤਰਕਵਾਕ ਕੀ ਹੈ ? ਵਰਨਣ ਕਰੋ।

16. ਸੱਚਾਈ ਦਾ ਆਤਮਸੰਗਤ ਸਿਧਾਂਤ ਕੀ ਹੈ ?

17. ਗਿਆਨ ਦੇ ਸੋਮੇ ਤਰਕਬੁੱਧੀ ਦੀ ਪਰਿਭਾਸ਼ਾ ਦਿਓ।

18. ਭੌਤਿਕਵਾਦ ਦੀ ਪਰਿਭਾਸ਼ਾ ਦਿਓ।

19. ਵਿਚਾਰਵਾਦ ਦੀ ਪਰਿਭਾਸ਼ਾ ਦਿਓ।

20. ਸਿੱਖਮਤ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਬਾਰੇ ਦੱਸੋ। (2×10=20)

ਭਾਗ–ਅ (ਅੰਕ 24)

21. ਉਪਕਲਪਨਾ ਦੇ ਕੋਈ ਦੋ ਲਾਭ ਬਾਰੇ ਚਰਚਾ ਕਰੋ।

22. ਵਿਗਿਆਨਕ ਵਿਆਖਿਆ ਅਤੇ ਸਧਾਰਣ ਵਿਆਖਿਆ ਵਿੱਚ ਕੋਈ ਦੋ ਅੰਤਰ ਬਾਰੇ ਚਰਚਾ ਕਰੋ।

ਜਾਂ

ਇਕ ਵਾਕ ਅਤੇ ਤਰਕਵਾਕ ਵਿੱਚ ਅੰਤਰ ਬਾਰੇ ਚਰਚਾ ਕਰੋ।

23. ਚਾਰ ਪ੍ਰਕਾਰ ਦੇ ਤਰਕਵਾਕਾਂ (A, E, I, O) ਬਾਰੇ ਸੰਖੇਪ ਵਿੱਚ ਦੱਸੋ।

ਜਾਂ

ਪਰਿਵਰਤਨ ਕੀ ਹੈ ? ਸੰਖੇਪ ਵਿੱਚ ਦੱਸੋ।

24. ਗਿਆਨ ਦੀ ਪਰਿਭਾਸ਼ਾ ਦਿਉ ਅਤੇ ਗਿਆਨ ਦੇ ਭਿੰਨ-ਭਿੰਨ ਸੋਮਿਆਂ ਦੇ ਨਾਂ ਲਿਖੋ।

ਜਾਂ

ਸੱਚਾਈ ਦੇ ਵਿਵਹਾਰਿਕਤਾ ਵਾਦੀ ਸਿਧਾਂਤ ਬਾਰੇ ਸੰਖੇਪ ਵਿੱਚ ਦੱਸੋ।

25. ਵਿਚਾਰਵਾਦ ਅਤੇ ਭੌਤਿਕਵਾਦ ਵਿੱਚ ਕੋਈ ਦੋ ਅੰਤਰ ਬਾਰੇ ਚਰਚਾ ਕਰੋ।

26. ਸਿੱਖਮਤ ਵਿੱਚ 'ਸੇਵਾ' ਦੀ ਧਾਰਣਾ ਦਾ ਵਰਨਣ ਕਰੋ। (4×6=24)

(ਅੰਕ 36)

## ਭਾਗ–ਸ

27. ਵਿਗਿਆਨਕ ਵਿਧੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

ਜਾਂ

ਇੱਕ ਉਚਿਤ ਉਪਕਲਪਨਾਂ ਕਿਵੇਂ ਬਣਾਈ ਜਾਂਦੀ ਹੈ ? ਚਰਚਾ ਕਰੋ ।

28. ਵਿਗਿਆਨਕ ਵਿਆਖਿਆ ਦੀਆਂ ਭਿੰਨ-ਭਿੰਨ ਕਿਸਮਾਂ ਬਾਰੇ ਸੰਖੇਪ ਵਿੱਚ ਚਰਚਾ ਕਰੋ ।

ਜਾਂ

ਗੁਣ ਅਤੇ ਮਾਤਰਾ ਦੇ ਅਧਾਰ ਤੇ ਭਿੰਨ-ਭਿੰਨ ਪ੍ਰਕਾਰ ਦੇ ਤਰਕਵਾਕਾਂ ਬਾਰੇ ਦੱਸੋ ।

29. ਪਰਿਵਰਤਨ ਦਾ ਅਰਥ ਅਤੇ ਨਿਅਮਾਂ ਦੇ ਬਾਰੇ ਚਰਚਾ ਕਰੋ ।

ਜਾਂ

ਪ੍ਰਤਿਵਰਤਨ ਦਾ ਅਰਥ ਅਤੇ ਉਸਦੇ ਨਿਅਮਾਂ ਬਾਰੇ ਚਰਚਾ ਕਰੋ ।

30. ਗਿਆਨ ਦੇ ਸੋਮੇ ਵਾਂਗ ਇੰਦਰੀ ਅਨੁਭਵ ਦਾ ਸੰਖੇਪ ਵਿੱਚ ਵਰਨਣ ਕਰੋ ।

ਜਾਂ

ਸੱਚਾਈ ਦੇ ਤੱਥਾਤਮਕ ਸਿੱਧਾਂਤ ਦਾ ਸੰਖੇਪ ਵਿੱਚ ਵਰਨਣ ਕਰੋ ।

31. ਵਿਚਾਰਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਦੱਸੋ ।

ਜਾਂ

ਭੌਤਿਕਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

32. ਭਾਰਤੀ ਦਰਸ਼ਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

ਜਾਂ

(6×6=36)

ਭਗਵਦਗੀਤਾ ਦੇ ਕਰਮ-ਯੋਗ ਦੇ ਸਿੱਧਾਂਤ ਦਾ ਵਰਨਣ ਕਰੋ ।